ਦਫਤਰ ਜਿਲਾ ਸਿਖਿਆ ਅਫਸਰ(ਸੈ ਸਿ) ਬਠਿੰਡਾ

ਵੱਲ

ਸਮੂਹ ਸਕੂਲ ਮੁਖੀ

ਸਸਸਸ/ਸਹਸ/ਸੁਮਸ/ਪ੍ਰਾਈਵੇਟ/ਏਡਿਡ ਜਿਲਾ ਬਠਿੰਡਾ।

ਪੱਤਰ ਨੰ: ਅ-4/1( )2024/ 215

ਮਿਤੀ: 29-2-2024

ਵਿਸ਼ਾ: ਸਕੂਲਾਂ ਦੁਆਰਾ ਮੋਬਾਇਲ ਐਪ ਰਾਹੀਂ ਮਿਡ ਡੇ ਮੀਲ ਰਿਪੋਰਟ ਨਾ ਭੇਜਣ ਬਾਰੇ।

ਉਪਰੋਕਤ ਵਿਸ਼ੇ ਸੰਬਧੀ ਨਾਲ ਨੱਥੀ ਪੱਤਰ ਅਨੁਸਾਰ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੀ ਹਾਜਰੀ ਅਤੇ ਮਿਡ ਡੇ ਮੀਲ ਦੇ ਰਾਸ਼ਨ ਦੀ ਰਿਪੋਰਟ ਮੋਬਾਇਲ ਐਪ ਰਾਹੀਂ 11.00 ਵਜੇ ਤੱਕ ਹਰ ਹਾਲ ਵਿਚ ਲਗਾਉਣੀ ਯਕੀਨੀ ਬਣਾਈ ਜਾਵੇ ਅਤੇ ਇਸ ਦੀ ਰਿਪੋਰਟ ਹਰ ਰੋਜ਼ ਡੀਲਿੰਗ ਸਹਾਇਕ ਨੂੰ 9780220310 ਤੇ ਭੇਜੀ ਜਾਵੇ।ਜੋ ਸਕੂਲ ਮੁਖੀ ਮਿਡ ਡੇ ਮੀਲ ਸੰਬਧੀ ਅਣਗਹਿਲੀ/ਦੇਰੀ ਕਰਦਾ ਪਾਇਆ ਗਿਆ ਤਾਂ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਸੰਬਧੀ ਸਕੂਲ ਮੁਖੀ ਅਤੇ ਮਿਡ ਡੇ ਮੀਲ ਇੰਚਾਰਜ ਖੁਦ ਜਿੰਮੇਵਾਰ ਹੋਣਗੇ।ਜੇਕਰ ਕਿਸੇ ਸਕੂਲ ਵੱਲੋਂ ਇਹ ਡਾਟਾ ਜਿਸ ਦਿਨ ਫੀਡ ਨਹੀ ਕੀਤਾ ਜਾਵੇਗਾਂ ਤਾਂ ਉਸ ਸਕੂਲ ਨੂੰ ਉਸ ਦਿਨ ਦੀ ਕੁਕਿੰਗ ਕਾਸਟ ਦਾ ਖਰਚਾ ਨਹੀ ਦਿੱਤਾ ਜਾਵੇਗਾ।

29/2/24

ਜਿਲਾ ਸਿਖਿਆ ਅਫਸਰ(ਸੈ.ਸਿ)

ਬਠਿੰਡਾ

Scanned with OKEN Scanner

# ਦਫਤਰ: ਜਿਲ੍ਹਾ ਸਿੱਖਿਆ ਅਫਸਰ (ਐ.ਸਿ.),ਬਠਿੰਡਾ।

ਵੱਲ

ਸਮੂਹ ਸਕੂਲ ਮੁੱਖੀ/ਹੈਡ ਟੀਚਰ,
(ਸਹਸ, ਸਮਸ, ਸਪਸ, ਏਡਿਡ, ਮਾਡਲ,ਆਦਰਸ਼)
ਜਿਲ੍ਹਾ ਬਠਿੰਡਾ।
ਪੱਤਰ ਨੰ: 2024/55533 ਮਿਤੀ: 28-02-24

ਵਿਸ਼ਾ: ਸਕੂਲਾਂ ਦੁਆਰਾ ਮੋਬਾਇਲ ਐਪ ਰਾਹੀ ਮਿੱਡ ਡੇ ਮੀਲ ਰਿਪੋਰਟ ਨਾ ਭੇਜਣ ਸੰਬੰਧੀ।

ਉਪਰੋਕਤ ਵਿਸ਼ੇ ਸੰਬੰਧੀ ਲਿਖਿਆ ਜਾਂਦਾ ਹੈ ਕਿ ਮਿਤੀ 27/2/24 ਨੂੰ ਮਾਣਯੋਗ ਡੀ.ਜੀ.ਐਸ.ਈ ਦੀ ਪ੍ਰਧਾਨਗੀ ਹੇਠ ਮਿੱਡ ਡੇ ਮੀਲ ਸਕੀਮ ਅਧੀਨ ਮੋਬਾਇਲ ਐਪ ਦੀ ਰੋਜਾਨਾ ਵਰਤੋ ਨਾ ਕਰਨ ਸੰਬੰਧੀ ਵੀ.ਸੀ ਮੀਟਿੰਗ ਕੀਤੀ ਗਈ ਸੀ। ਜਿਸ ਵਿੱਚ ਬਾਰ-2 ਇਹ ਧਿਆਨ ਵਿੱਚ ਲਿਆਇਆ ਜਾ ਰਿਹਾ ਹੈ ਕਿ ਸਕੂਲਾਂ ਵੱਲੋ ਕੀਤੇ ਜਾਣ ਵਾਲੇ ਐਸ.ਐਸ.ਐਸ ਦਾ ਟੀਚਾ ਹੁਣ ਤੱਕ ਵੀ 100 ਪ੍ਰਤੀਸ਼ਤ ਨਹੀ ਹੋ ਰਿਹਾ ਹੈ ਅਤੇ ਜਦੋ ਵੀ ਸਕੂਲ ਵੱਲੋ ਇਹ ਡਾਟਾ ਨਹੀ ਫੀਡ ਕੀਤਾ ਜਾਂਦਾ ਹੈ ਤਾਂ ਇਸ ਦਾ ਮਤਲਬ ਹੁੰਦਾ ਹੈ ਕਿ ਸਕੂਲ ਵੱਲੋ ਵਿਦਿਆਰਥੀਆਂ ਨੂੰ ਉਸ ਦਿਨ ਦਾ ਮਿੱਡ ਡੇ ਮੀਲ ਨਹੀ ਦਿੱਤਾ ਗਿਆ ਅਤੇ ਨਾ ਹੀ ਕਿਸੇ ਵੀ ਤਰ੍ਹਾਂ ਦੇ ਕੁਕਿੰਗ ਦਾ ਖਰਚਾ ਹੋਇਆ ਹੈ।

ਮੁੱਖ ਦਫਤਰ ਵੱਲੋ ਰੋਜਾਨਾ ਮਨਿਸਟਰੀ ਆਫ ਐਜੂਕੇਸ਼ਨ, ਨਵੀ ਦਿੱਲੀ ਦੇ ਪੋਰਟਲ ਤੇ ਦੁਪਿਹਰ ਬਾਅਦ 4.30 ਵਜੇ ਅਪਲੋਡ ਕੀਤੀ ਜਾਂਦੀ ਹੈ ਅਤੇ ਇਸ ਤੇ ਬਾਅਦ ਕੀਤੀ ਗਈ ਰਿਪੋਰਟ ਨੂੰ ਮੰਨਿਆ ਨਹੀ ਜਾਂਦਾ। ਸੋ, ਸਮੂਹ ਸਕੂਲਾਂ ਵੱਲੋ ਇਹ ਡਾਟਾ ਪੋਰਟਲ ਤੇ 4.00 ਵਜੇ ਤੋ ਪਹਿਲਾਂ ਅਪਲੋਡ ਕੀਤਾ ਜਾਵੇ।

ਆਪ ਨੂੰ ਮੁੜ ਤੋ ਲਿਖਿਆ ਜਾਂਦਾ ਹੈ ਕਿ ਜੇਕਰ ਹੁਣ ਤੇ ਕਿਸ ਸਕੂਲ ਵੱਲੋ ਇਹ ਡਾਟਾ ਜਿਸ ਦਿਨ ਫੀਡ ਨਹੀ ਕੀਤਾ ਜਾਵੇਗਾ ਤਾਂ ਇਸ ਦਾ ਮਤਲਬ ਉਸ ਦਿਨ ਦਾ ਮਿੱਡ ਡੇ ਮੀਲ ਨਹੀ ਦਿੱਤਾ ਗਿਆ ਅਤੇ ਉਸ ਸਕੂਲ ਨੂੰ ਉਸ ਦਿਨ ਦੀ ਕੁਕਿੰਗ ਕਾਸਟ ਦਾ ਖਰਚਾ ਨਹੀ ਦਿੱਤਾ ਜਾਵੇਗਾ। ਸੋ, ਇਸ ਸੰਬੰਧੀ 100 ਪ੍ਰਤੀਸ਼ਃ ਟੀਚਾ ਯਕੀਨੀ ਬਣਾਇਆ ਜਾਵੇ।

ਜਿਲ੍ਹਾ ਸਿੱਖਿਆ ਅਫਸਰ(ਐ.ਸਿ)
ਬਠਿੰਡਾ।

Scanned with OKEN Scanner